ਸੌਖਾ

ਯੂਨਿਟ 1



# ਚੈਂਪੀਅਨ

ਆਤਮਾ ਦੇ ਫਲ ਦੁਆਰਾ

## ਸੌਖਾ

ਵਿਦਿਆਰਥੀ ਦੀ ਕਿਤਾਬਾਂ


# ਚੈਂਪੀਅਨ ਬਣਨ ਲਈ..





... ਤੁਹਾਨੂੰ ਅਤੇ ਮੈਨੂੰ ਆਤਮਾ ਦੇ ਫਲ ਦੁਆਰਾ ਜੀਉਣਾ ਸਿੱਖਣਾ ਚਾਹੀਦਾ ਹੈ, ਅਤੇ ਰੋਜ਼ਾਨਾ ਆਪਣੇ ਪਾਪਾਂ ਨਾਲ ਲੜਨਾ ਚਾਹਿਦਾ ਹੈ।

ਇਹ ਕੋਈ ਸੌਖੀ ਕਸਰਤ ਨਹੀਂ ਹੈ, ਅਤੇ ਸਮਾਂ, ਪਸੀਨਾ, ਸਿਖਲਾਈ ਅਤੇ ਮਿਹਨਤ ਮੰਗਦੀ ਹੈ।

## ਹਾਲਾਂਕਿ, ਜੇਤੂ ਹੋਣ ਲਈ, ਤੁਹਾਨੂੰ ਇੱਕ ਕੋਚ ਦੀ ਲੋੜ ਪਵੇਗੀ




ਆਪਣੀ ਕਸਰਤ, ਟ੍ਰੇਨਿੰਗ ਅਤੇ ਕੋਚ ਦੀ ਗੱਲ ਸੁਣਨ ਲਈ ਹਰ ਹਫਤੇ ਇਸ ਕਲਾਸ ਵਿਚ ਆਓ। ਯਾਦਾਸ਼ਤ ਵਧਾਉਣ ਲਈ ਸਿੱਖੋ, ਬਾਈਬਲ ਕਹਾਣੀ ਪੜ੍ਹੋ ਅਤੇ ਸਿੱਖੋ ਕਿ ਤੁਸੀਂ ਪਾਪ ਨਾਲ ਕਿਵੇਂ ਲੜਨਾ ਹੈ ਜੋ ਕਿ ਤੁਹਾਡੇ ਦਿਲ ਨਾਲ ਲੜ ਰਿਹਾ ਹੈ।



ਫਿਰ ਹਫਤੇ ਦੇ ਚਲਦੇ ਹੋਏ, ਰਿੰਗ ਵਿਚ ਆਓ ਜਿਵੇਂ ਕਿ ਤੁਸੀਂ ਆਪਣੀ ਅਸਲ ਜਿੰਦਗੀ ਵਿਚ ਸਬਕ ਲੈ ਰਹੇ ਹੋ। ਹਰ ਵਾਰ ਜਦੋਂ ਤੁਸੀਂ "ਇਨ ਰਿੰਗ" ਵਿਚ ਹੋਮਵਰਕ ਕਰਦੇ ਹੋ। ਤੁਸੀਂ ਪਾਪ ਨੂੰ ਇੱਕ ਚੰਗਾ ਮੁੱਕਾ ਮਾਰ ਰਹੇ ਹੋ!

## ਲੜਾਈ ਜਾਰੀ ਰੱਖੋ, ਅਤੇ ਤੁਸੀਂ ਮੁਕਾਬਲੇ ਜਿੱਤੋਂਗੇ ਅਤੇ ਚੈਂਪੀਅਨ ਬਣ ਜਾਓਂਗੇ!



# 1. ਪਿਆਰ ਜਾਂ ਸਵਾਰਥ




**ਬਾਈਬਲ ਦੀ ਕਹਾਣੀ: ਈਸਾ ਮਸੀਹ ਕਰਾਸ ਉੱਪਰ ਸ਼ਹੀਦ ਹੋ ਜਾਂਦਾ ਹੈ**

ਮੈਥਿਯੂ **27:27-56**


## ਦਿਮਾਗੀ ਤੁਕ 1

"ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ" ੧ ਯੂਹੰਨਾ 3:16



## ਮੈਦਾਨ ਵਿੱਚ 1

ਅਜਿਹੀ ਖੇਡ ਖੇਡੋ ਜਿਸਨੂੰ ਤੁਹਾਡੇ ਦੋਸਤ ਖੇਡਣਾ ਚਾਹੁੰਦੇ ਹਨ, ਉਸ ਸਮੇਂ ਖੇਡੋ ਜਿਸ ਸਮੇਂ ਉਹ ਖੇਡਣਾ ਚਾਹੁੰਦੇ ਹਨ, (ਜੇਕਰ ਤੁਹਾਡੇ ਕੋਲ ਉਸ ਸਮੇਂ ਖੇਡਣ ਦੀ ਆਗਿਆ ਹੋਵੇ) ਅਤੇ ਉੰਨੇ ਸਮੇਂ ਤੱਕ ਖੇਡੋ ਜਦੋਂ ਤੱਕ ਉਹ ਖੇਡਣਾ ਚਾਹੁੰਦੇ ਹਨ। ਉਹਨਾਂ ਨੂੰ ਕਦੇ ਇਹ ਨਾ ਦੱਸੋ ਕਿ ਤੁਹਾਡੀ ਕੀ ਖੇਡਣ ਦੀ ਇੱਛਾ ਹੈ। ਇਸ ਸਮੇਂ, ਤੁਹਾਡੀਆਂ ਇੱਛਾਵਾਂ ਮਾਇਨੇ ਨਹੀਂ ਰੱਖਦੀਆਂ, ਕਿਉਂਕਿ ਤੁਸੀਂ ਆਪਣੀ ਪਰਵਾਹ ਨਾ ਕਰਦੇ ਹੋਏ ਅਸਲੀ ਪਿਆਰ ਦਿਖਾ ਰਹੇ ਹੋ।



# 2. ਪਿਆਰ ਜਾਂ ਪਰਖਣਾ

**ਬਾਈਬਲ ਸਟੋਰੀ: ਧੂੜ ਦਾ ਕਣ ਅਤੇ ਲੱਕੜ**

ਮੈਥਿਊ **7:1-5**




## ਦਿਮਾਗੀ ਤੁਕ 2

"ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ 2ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ" ਮੱਤੀ 7:1-2



## ਮੈਦਾਨ ਵਿੱਚ 2

ਕਿਸੇ ਨੂੰ ਕਹੋ ਕਿ ਤੁਸੀਂ ਵਧੀਆ ਕੰਮ ਕੀਤਾ ਅਤੇ ਜਦੋਂ ਤੁਸੀਂ ਉਹਨਾਂ ਦਾ ਕੋਈ ਚੰਗਾ ਕੰਮ ਦੇਖੋ ਤਾਂ ਉਹਨਾਂ ਦੀ ਤਾਰੀਫ਼ ਕਰੋ। ਸਾਰਾ ਦਿਨ ਤੁਸੀਂ ਆਪਣੀ ਜੇਬ ਵਿੱਚ ਛੋਟਾ ਜਿਹਾ ਸ਼ੀਸ਼ਾ ਪਾ ਕੇ ਰੱਖੋ। ਜਦੋਂ ਤੁਸੀਂ ਕਿਸੇ ਨੂੰ ਪਰਖਣ ਲਈ ਮਜਬੂਰ ਹੋ ਜਾਵੋ, ਅਤੇ ਆਪਣੀ ਜੇਬ ਵਿਚੋਂ ਉਹ ਸ਼ੀਸ਼ਾ ਕੱਡੋ ਅਤੇ ਆਪਣਾ ਚਿਹਰਾ ਦੇਖੋ। ਆਪਣੇ ਆਪ ਨੂੰ ਯਾਦ ਕਰਵਾਓ ਕਿ ਤੁਸੀਂ ਉਹਨਾਂ ਦੀਆਂ ਗਲਤੀਆਂ ਠੀਕ ਕਰਨ ਲਈ ਉਹਨਾਂ ਦੀ ਮਦਦ ਕਰਨ ਲਈ ਨਹੀਂ ਕਹਿਣਾ।



## 3. ਪਿਆਰ ਜਾਂ ਨਫਰਤ

**ਬਾਈਬਲ ਕਹਾਣੀ: ਯਹੂਦਾ ਈਸਾ ਮਸੀਹ ਨੂੰ ਧੋਖਾ ਦਿੰਦਾ ਹੈ**

ਮੈਥਿਊ **26:14-16**

### ਦਿਮਾਗੀ ਤੁਕ 3

"ਜੇ ਕੋਈ ਆਖੇ ਭਈ ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ ਅਤੇ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਭਰਾ ਨਾਲ ਜਿਸ ਨੂੰ ਉਹ ਨੇ ਵੇਖਿਆ ਹੈ ਪ੍ਰੇਮ ਨਹੀਂ ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹ ਨੇ ਨਹੀਂ ਵੇਖਿਆ ਪ੍ਰੇਮ ਰੱਖ ਹੀ ਨਹੀਂ ਸੱਕਦਾ" ੧ ਯੂਹੰਨਾ 4:20






### ਮੈਦਾਨ ਵਿੱਚ 3

ਉਸਦੇ ਲਈ ਚੰਗਾ ਕਰੋ ਜਿਸਨੂੰ ਤੁਸੀਂ ਪਸੰਦ ਨਹੀਂ ਕਰਦੇ। ਜੇਕਰ ਤੁਸੀਂ ਕਿਸੇ ਨੂੰ ਨਕਲ ਮਾਰਦੇ ਜਾਂ ਕੰਮ ਖਰਾਬ ਕਰਦਾ ਦੇਖੋ ਤਾਂ ਆਪਣੀ ਜੀਭ ਫੜ ਲਓ। ਉਹਨਾਂ ਬਾਰੇ ਕਿਸੇ ਨੂੰ ਦੱਸੋ ਨਾ ਅਤੇ ਨਾ ਹੀ ਉਹਨਾਂ ਨੂੰ ਕਿਸੇ ਮੁਸੀਬਤ ਵਿੱਚ ਫਸਾਓ।

# 4. ਪਿਆਰ ਜਾਂ ਆਪਣੇ ਆਪ ਨੂੰ ਸਹੀ ਸਾਬਿਤ ਕਰਨਾ


**ਬਾਈਬਲ ਦੀ ਕਹਾਣੀ: ਚੰਗੇ ਸਾਮਰੀ ਦੀ ਇਨਸਾਨ ਦੀ ਕਹਾਣੀ**

ਲਿਊਕ **10:25-37**

## ਦਿਮਾਗੀ ਤੁਕ 4

"ਤਾਂ ਉਹ ਨੇ ਉੱਤਰ ਦਿੱਤਾ ਕਿ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ" ਲੂਕਾ 10:27






## ਮੈਦਾਨ ਵਿੱਚ 4

ਇਸ ਹਫ਼ਤੇ ਕਿਸੇ ਲੋੜਵੰਦ ਦੀ ਮਦਦ ਕਰਨ ਲਈ ਰੁਕੋ, ਜੋ ਵੀ ਤੁਹਾਡੇ ਬਹਾਨੇ ਹੋਣ ਨਾ ਮਦਦ ਕਰਨ ਦੇ ਉਹਨਾਂ ਬਹਾਨਿਆ ਨੂੰ ਨਜ਼ਰਅੰਦਾਜ਼ ਕਰੋ। ਜੋ ਸਮਾਜ ਵਿੱਚ ਤੁਹਾਡੇ ਬਰੋਬਰ ਦਾ ਨਹੀਂ ਹੈ ਉਸ ਵਿਅਕਤੀ ਲਈ ਕੁਝ ਖਾਸ ਕਰੋ।


# 5. ਪਿਆਰ ਜਾਂ ਆਤਮਿਕ ਘਮੰਡ।

**ਬਾਈਬਲ ਦੀ ਕਹਾਣੀ: ਡੇਵਿਡ ਰਾਜਾ ਦੇ ਰੂਪ ਵਿੱਚ ਚੁਣਿਆ ਗਿਆ**

੧ ਸੈਮੁਅਲ **16:1-13**

## ਦਿਮਾਗੀ ਤੁਕ 5


"ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੂਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ ਕੁਚੱਜਿਆ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ ਸਭ ਕੁੱਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁੱਝ ਸਹਿ ਲੈਂਦਾ"। 1 ਕੁਰਿੰਥੀਆਂ 13:4-7







## ਮੈਦਾਨ ਵਿੱਚ 5

ਪਰਮਾਤਮਾ ਨੂੰ ਪੁੱਛੋ ਕਿ ਸਾਨੂੰ ਅਜਿਹਾ ਕਿਹੜਾ ਆਤਮਿਕ ਕੰਮ ਹੈ ਜੋ ਹੁਣੇ ਤੋਂ ਕਰਨਾ ਰੋਕ ਦੇਣਾ ਚਾਹੀਦਾ ਹੈ, ਜਿਵੇਂ ਕਿ ਹੁਣ ਅਸੀਂ ਆਪਣਾ ਧਿਆਨ ਪਿਆਰ ਵੱਲ ਵੱਧ ਵਧਾ ਰਹੇ ਹਾਂ। ਇਸ ਹਫਤੇ ਪਿਆਰ ਦਿਖਾਉਣ ਲਈ ਵੱਧ ਤੋਂ ਵੱਧ ਕੰਮ ਕਰੋ: ਸ਼ੇਖੀ ਨਾ ਮਾਰੋ, ਉਹ ਕੰਮ ਕਰੋ ਜੋ ਦੂਜਿਆ ਲਈ ਵਧੀਆ ਹੋਣ ਨਾ ਕਿ ਤੁਹਾਡੇ ਲਈ, ਅਤੇ ਜੇ ਲੋਕਾਂ ਤੋਂ ਗਲਤੀ ਹੋ ਜਾਵੇ ਤਾਂ ਉਹਨਾਂ ਨੂੰ ਜ਼ਿੰਮੇਦਾਰ ਨਾ ਠਹਿਰਾਓ।




# 6. ਖੁਸ਼ੀ ਜਾਂ ਈਰਖਾ





**ਬਾਈਬਲ ਦੀ ਕਹਾਣੀ: ਧਾਰਮਿਕ ਆਗੂ ਈਰਖਾ ਕਰਦੇ ਹਨ।**

ਐਕਟ **5:12-33**



## ਦਿਮਾਗੀ ਤੁਕ 6

"ਤੁਸੀਂ ਹੁਣ ਤੀਕ ਸਰੀਰਿਕ ਹੋ ਕਿਉਂਕਿ ਜਦੋਂ ਜਲਣ ਅਤੇ ਝਗੜੇ ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ ਸਰੀਰਿਕ ਨਹੀਂ ਅਤੇ ਇਨਸਾਨੀ ਚਾਲ ਨਹੀਂ ਚੱਲਦੇ ਹੋ?" ੧ ਕੁਰਿੰਥੀਆਂ ਨੂੰ 3:3





## ਮੈਦਾਨ ਵਿੱਚ 6

ਜੋ ਵੀ ਤੁਹਾਨੂੰ ਆਤਮਿਕ ਤੋਹਫ਼ੇ, ਸਰੀਰਕ ਦਿੱਖ, ਦੌਲਤ, ਅਤੇ ਪਰਿਵਾਰ ਮਿਲਿਆ ਹੈ, ਇਹਨਾਂ ਸਭ ਚੀਜ਼ਾਂ ਲਈ ਪਰਮਾਤਮਾ ਦਾ ਧੰਨਵਾਦ ਕਰੋ। ਪਰਮਾਤਮਾ ਨੂੰ ਅਰਜ਼ ਕਰੋ ਕਿ ਜੋ ਵੀ ਤੁਹਾਡੇ ਕੋਲ ਹੈ ਉਸ ਲਈ ਪਰਮਾਤਮਾ ਤੁਹਾਨੂੰ ਖੁਸ਼ੀ ਅਤੇ ਸੰਤੁਸ਼ਟੀ ਦੇਵੇ। ਪਿਛਲੇ ਸਮੇਂ ਵਿੱਚ ਜਿਸ ਬੰਦੇ ਤੋਂ ਤੁਸੀਂ ਈਰਖਾ ਕਰਦੇ ਰਹੇ ਹੋ ਉਸਨੂੰ ਚੁਣੋ, ਅਤੇ ਇੱਕ ਛੋਟਾ ਜਿਹਾ ਤੋਹਫ਼ਾ ਦਿਓ। (ਉਹਨਾਂ ਨੂੰ ਇਹ ਨਾ ਦੱਸੋ ਕਿ ਪਿਛਲੇ ਸਮੇਂ ਵਿੱਚ ਤੁਸੀਂ ਉਹਨਾਂ ਤੋਂ ਈਰਖਾ ਕਰਦੇ ਸੀ।)

# 7. ਖੁਸ਼ੀ ਜਾਂ ਲਾਲਚ

**ਬਾਈਬਲ ਦੀ ਕਹਾਣੀ: ਅਮੀਰ ਨੌਜਵਾਨ ਆਦਮੀ ਸਤਿਕਾਰ ਸਹਿਤ ਕਿਸਮ**

ਮੈਥਿਊ **19:16-30**

## ਦਿਮਾਗੀ ਤੁਕ 7


"ਉਸ ਨੇ ਉਨ੍ਹਾਂ ਨੂੰ ਆਖਿਆ, ਖਬਰਦਾਰ ਅਤੇ ਸਾਰੇ ਲੋਭ ਤੋਂ ਬਚੇ ਰਹੋ ਕਿਉਂ ਜੋ ਕਿਸੇ ਦਾ ਜੀਉਣ ਉਹ ਦੇ ਮਾਲ ਦੇ ਵਾਧੇ ਨਾਲ ਨਹੀਂ ਹੈ" ਲੂਕਾ 12:15






## ਮੈਦਾਨ ਵਿੱਚ 7


ਚਰਚ ਦੇ ਵਿੱਚ ਪਰਮਾਤਮਾ ਨੂੰ ਪਲੇਟ ਵਿੱਚ ਪੈਸੇ ਪਾ ਕੇ ਦਿਓ ਬਿਨਾ ਇਹ ਜਾਣੇ ਕਿ ਇਹ ਪੈਸਾ ਕਿਸਨੂੰ ਜਾਵੇਗਾ। ਆਪਣੇ ਪੈਸਿਆਂ ਵਿਚੋਂ ਕੁਝ ਪੈਸੇ ਕਿਸੇ ਦੀ ਮਦਦ ਕਰਨ ਲਈ ਲਗਾਓ। ਜੇਕਰ ਤੁਹਾਡੇ ਕੋਈ ਕੋਈ ਪੈਸਾ ਨਹੀਂ ਹੈ ਤਾਂ ਆਪਣੀ ਸੰਪਤੀ ਵਿਚੋਂ ਕੋਈ ਵਸਤੂ ਦਾਨ ਕਰ ਦਿਓ।



# 8. ਖ਼ੁਸ਼ੀ ਜਾਂ ਆਪਣੇ ਆਪ ਤੇ ਦਇਆ

**ਬਾਈਬਲ ਦੀ ਕਹਾਣੀ: ਜੋਨ੍ਹਾ ਅਤੇ ਕੀੜਾ**

ਜੋਨ੍ਹਾ : **4:1-10**




## ਦਿਮਾਗੀ ਤੁਕ 8

"ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ 18ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਨਾਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ।।" ੨ ਕੁਰਿੰਥੀਆਂ ਨੂੰ 4:17-18



## ਮੈਦਾਨ ਵਿੱਚ 8

ਬੇਸਹਾਰਾ ਲੋਕਾਂ ਦੀ ਧਰਮਸ਼ਾਲਾ ਜਾਂ ਅਜਿਹੀ ਸੰਸਥਾ ਜਿਹੜੀ ਗਰੀਬਾਂ ਨੂੰ ਭੋਜਣ ਦਿੰਦੀ ਹੈ ਦੀ ਮਦਦ ਕਰੋ। ਜਾਂ ਫਿਰ, ਇੱਕ ਹਸਪਤਾਲ ਵਿੱਚ ਬਿਮਾਰਾਂ ਕੋਲ ਜਾਓ। ਪ੍ਰਮਾਤਮਾ ਨੂੰ ਪ੍ਰਾਰਥਨਾ ਕਰੋ ਅਤੇ ਕਹੋ ਕਿ ਉਹ ਵੱਡੀ ਤਸਵੀਰ ਦੇਖਣ ਲਈ ਤੁਹਾਡੀਆਂ ਅੱਖਾਂ ਖੋਲੇ, ਅਤੇ ਆਪਣੇ ਆਪ ਤੁਹਾਡੀਆਂ ਅੱਖਾਂ ਬੰਦ ਕਰਨ ਵਿੱਚ ਮਦਦ ਕਰੇ।

# 9. ਖੁਸ਼ੀ ਜਾਂ ਸ਼ੁਕਰਗੁਜਾਰ ਨਾ ਹੋਣਾ

**ਬਾਈਬਲ ਦੀ ਕਹਾਣੀ: ਈਸਾ ਮਸੀਹ ਨੇ 10 ਕੋੜ੍ਹੀਆਂ ਦਾ ਇਲਾਜ ਕੀਤਾ**

ਲਿਊਕ **17:11-19**



## ਦਿਮਾਗੀ ਤੁਕ 9

"ਧੰਨਵਾਦ ਕਰਦੇ ਹੋਏ ਉਹ ਦੇ ਫਾਟਕਾਂ ਦੇ ਅੰਦਰ, ਅਤੇ ਉਸਤਤ ਕਰਦੇ ਹੋਏ ਉਹ ਦੇ ਦਰਬਾਰ ਵਿੱਚ ਆਓ, ਉਹ ਦਾ ਧੰਨਵਾਦ ਕਰੋ ਅਤੇ ਉਹ ਦੇ ਨਾਮ ਨੂੰ ਮੁਬਾਰਕ ਆਖੋ।" ਜ਼ਬੂਰਾਂ ਦੀ ਪੋਥੀ 100:4

## ਮੈਦਾਨ ਵਿੱਚ 9

ਤੁਹਾਡੇ ਮਾਤਾ ਪਿਤਾ (ਜਾਂ ਕੋਈ ਹੋਰ) ਜੋ ਤੁਹਾਨੂੰ ਹਰ ਰੋਜ਼ ਕੁਝ ਨਾ ਕੁਝ ਦਿੰਦੇ ਹਨ ਉਹਨਾਂ ਦਾ ਧੰਨਵਾਦ ਕਰੋ। ਕਿਸੇ ਚੀਜ਼ ਤੋਂ ਬਿਨਾ ਕੁਝ ਸਮੇਂ ਲਈ ਬਾਹਰ ਜਾ ਕੇ ਦੇਖੋ, ਇਹ ਯਾਦ ਰੱਖਦੇ ਹੋਏ ਕਿ ਉਹ ਚੀਜ਼ ਤੁਹਾਡੇ ਕੋਲ ਹਮੇਸ਼ਾਂ ਨਹੀਂ ਰਹਿਣੀ।



# 10. ਸ਼ਾਂਤੀ ਜਾਂ ਚਿੰਤਾ

**ਬਾਈਬਲ ਦੀ ਕਹਾਣੀ: ਐਲਾਈਜਾ ਕਾਵਾਂ ਦੁਆਰਾ ਖਾਦਾ ਗਿਆ**

**1 ਰਾਜੇ 17:1-6**




## ਦਿਮਾਗੀ ਤੁਕ ਖੇਡ 10

" ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ " ਮੱਤੀ 6:33

## ਮੈਦਾਨ ਵਿੱਚ 10

ਜੋ ਤੁਹਾਡੇ ਕੋਲ ਹੈ ਉਸਨੂੰ ਕਿਸੇ ਹੋਰ ਕਿਸੇ ਨਾਲ ਸਾਂਝਾ ਕਰੋ, ਚਾਹੇ ਤੁਹਾਨੂੰ ਉਸ ਚੀਜ਼ ਤੋਂ ਬਿਨਾ ਕਿਉਂ ਨਾ ਜਿਆਉਣਾ ਪਵੇ। ਕੋਈ ਵੀ ਭੋਜਨ, ਕੱਪੜੇ, ਬੱਸ ਦਾ ਕਿਰਾਇਆ ਜਾਂ ਕੋਈ ਹੋਰ ਚੀਜ਼ ਜਿਸ ਨਾਲ ਤੁਹਾਡਾ ਪੈਸਾ ਲੱਗ ਸਕਦਾ ਹੈ। ਪਰਮਾਤਮਾ ਨੂੰ ਕਹੋ ਕਿ ਤੁਹਾਡੀਆਂ ਲੋੜਾਂ ਪੂਰੀਆਂ ਕਰੇ।




# 11. ਸ਼ਾਂਤੀ ਜਾਂ ਡਰ

ਬਾਈਬਲ ਦੀ ਕਹਾਣੀ: ਪੀਟਰ ਪਾਣੀ ਤੇ ਤੁਰਦਾ ਹੈ

ਮੈਥਿਊ 14:22-33



## ਦਿਮਾਗੀ ਤੁਕ 11

" ਉਸ ਨੇ ਕਿਹਾ, ਆਪਣੀ ਘੱਟ ਨਿਹਚਾ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।।" ਮੱਤੀ 17:20-21

## ਮੈਦਾਨ ਵਿੱਚ 11

ਅਜਿਹੀ ਚੀਜ਼ ਚੁਣੋ ਜਿਸਨੂੰ ਕਰਨਾ ਤੁਹਾਨੂੰ ਅਸੰਭਵ ਲੱਗੇ, ਅਤੇ ਆਪਣੇ ਡਰ ਨੂੰ ਇੱਕ ਪਾਸੇ ਰੱਖ ਦਿਓ। ਈਸਾ ਮਸੀਹ ਨੂੰ ਕਹੋ ਕਿ ਉਹ ਇਸ ਵਿੱਚ ਤੁਹਾਡੀ ਮਦਦ ਕਰਨ। ਫਿਰ ਇਸਦੇ ਵਿੱਚ ਕਦਮ ਰੱਖ ਦਿਓ। (ਸ਼ੁਰੂ ਕਰਨਾ ਹੀ ਤੁਹਾਡੇ ਲਈ ਸਫਲਤਾ ਹੋਵੇਗੀ, ਭਾਵੇਂ ਤੁਸੀਂ ਪੀਟਰ ਵਾਂਗ ਡੁੱਬ ਹੀ ਕਿਉਂ ਨਾ ਜਾਓ। ਤੁਹਾਡਾ ਕੰਮ ਇਹ ਹੋਵੇਗਾ ਕਿ ਤੁਸੀਂ ਕੁਝ ਚੁਣੋ ਜੋ ਕਰਨ ਵਿੱਚ ਅਸੰਭਵ ਹੋਵੇ।)



# 12. ਸ਼ਾਂਤੀ ਜਾਂ ਝਗੜਾ





**ਬਾਈਬਲ ਦੀ ਕਹਾਣੀ: ਦੂਜੀ ਗੱਲ੍ਹ ਅੱਗੇ ਕਰੋ**

ਮੈਥਿਊ **5:38-42**



## ਦਿਮਾਗੀ ਤੁਕ 12

" ਜੇ ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ " ਰੋਮੀਆਂ ਨੂੰ 12:18





## ਮੈਦਾਨ ਵਿੱਚ 12

ਇਸ ਹਫ਼ਤੇ ਆਪਣੇ ਆਪ ਨੂੰ ਇੱਕ ਵਾਰ ਗਲਤ ਸਾਬਿਤ ਹੋਣ ਦਿਓ। (ਤੁਹਾਨੂੰ ਗਲਤ ਕਰਨ ਦਾ ਸਿਲਸਿਲਾ ਆਪਣੇ ਆਪ ਹੀ ਹੋ ਜਾਵੇਗਾ।) ਤੁਹਾਨੂੰ ਕੁਝ ਵੀ ਕਰਨ ਦੀ ਜਰੂਰਤ ਨਹੀਂ ਪਵੇਗੀ।

# 13. ਸ਼ਾਂਤੀ ਜਾਂ ਆਪਣੇ ਆਪ ਤੇ ਵਿਸ਼ਵਾਸ

**ਬਾਈਬਲ ਦੀ ਕਹਾਣੀ: ਈਸਾ ਮਸੀਹ 5000 ਲੋਕਾਂ ਨੂੰ ਖਾਨਾ ਦਿੰਦਾ ਹੈ**

ਲਿਊਕ **9:10-17**

## ਦਿਮਾਗੀ ਤੁਕ 13

" ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ " ੨ ਕੁਰਿੰਥੀਆਂ ਨੂ 12:9







## ਮੈਦਾਨ ਵਿੱਚ 13

ਪਰਮਾਤਮਾ ਨੂੰ ਕਹੋ ਕਿ ਉਹ ਤੁਹਾਨੂੰ ਅਜਿਹੇ ਖੇਤਰ ਵਿੱਚ ਮੌਕਾ ਦੇਵੇ ਜਿਸ ਵਿੱਚ ਤੁਸੀਂ ਕਮਜ਼ੋਰ ਹੋ ਅਤੇ ਪਰਮਾਤਮਾ ਨੂੰ ਉਸੇ ਖੇਤਰ ਵਿੱਚ ਧਿਆਉਣਾ ਚਾਹੁੰਦੇ ਹੋ। ਉਸ ਖੇਤਰ ਵਿੱਚ ਧਿਆਉਣ ਲਈ ਆਪਣੀ ਚਰਚ ਵਿੱਚ ਜਾਇਆ ਕਰੋ। ਜੇਕਰ ਤੁਸੀਂ ਚੁੱਪ ਰਹਿੰਦੇ ਹੋ, ਤਾਂ ਇਸ ਹਫਤੇ ਵੱਧ ਤੋਂ ਵੱਧ ਬੋਲੋ। ਜੇਕਰ ਤੁਸੀਂ ਬਹੁਤ ਬੋਲਦੇ ਹੋ, ਤਾਂ ਇਸ ਹਫਤੇ ਜਿਆਦਾ ਚੁੱਪ ਰਹੋ।

# ਪ੍ਰਮਾਤਮਾ ਤੁਹਾਨੂੰ ਬਹੁਤ ਪਿਆਰ ਕਰਦਾ ਹੈ।



" ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ!" ੧ ਯੂਹੰਨਾ 3:1a


Champions 1 Easy
Punjabi

20011

www.ChildrenAreImportant.com
info@childrenareimportant.com
We are located in Mexico.
DK Editorial Pro-Visión A.C.

ਚਿਲਡਰਨ ਆਰ ਇਮਪੋਰਟੈਂਟ